# ਗ੍ਰਾਹਕ ਦੇ ਮਾਮਲਿਆਂ ਬਾਰੇ ਬਾਰ ਬਾਰ ਪੁੱਛੇ ਜਾਣ ਵਾਲੇ ਪ੍ਰਸ਼ਨ

## Frequently asked questions about consumer affairs

*ਇਹ ਜਾਣਕਾਰੀ ਇੰਗਲੈਂਡ, ਵੇਅਲਜ਼ ਅਤੇ ਨੌਰਧਰਨ ਆਇਅਰਲੈਂਡ ਵਿਚ ਲਾਗੂ ਹੁੰਦੀ ਹੈ*

ਕੀ ਦੁਕਾਨਾਂ ਨੂੰ ਵਾਪਸ ਕੀਤੀਆਂ ਚੀਜ਼ਾਂ ਦੇ ਪੈਸੇ ਵਾਪਸ ਕਰਨੇ ਚਾਹੀਦੇ ਹਨ ? 2

ਕੀ ਮੈਨੂੰ ਦੁਕਾਨਾਂ ਨੂੰ ਵਾਪਸ ਕੀਤੀਆਂ ਚੀਜ਼ਾਂ ਲਈ ਦਿੱਤਾ ਕਰੈਡਿਟ ਨੋਟ ਸਵੀਕਾਰ ਕਰਨਾ ਜ਼ਰੂਰੀ ਹੈ ? 3

ਕ੍ਰਿਸਮਸ ਤੇ ਕਿਸੇ ਨੇ ਮੈਨੂੰ ਤੋਹਫ਼ਾ ਦਿੱਤਾ ਸੀ ਜਿਸ ਦੀ ਮੈਨੂੰ ਜ਼ਰੂਰਤ ਨਹੀਂ ਹੈ। ਕੀ ਮੈਂ ਉਸਨੂੰ ਉਸ ਦੁਕਾਨ ਤੇ ਵਾਪਸ ਕਰ ਸਕਦਾ ਹਾਂ, ਜਿੱਥੋਂ ਉਹ ਖਰੀਦਿਆ ਗਿਆ ਸੀ ਅਤੇ ਪੈਸੇ ਵਾਪਸ ਲੈ ਸਕਦਾ ਹਾਂ ? 4

ਸੇਲਜ਼ ਵਿਚ ਮੈਂ ਕੋਈ ਚੀਜ਼ ਖ਼ਰੀਦੀ ਸੀ ਜਿਹੜੀ ਮੈਂ ਵਾਪਸ ਕਰਨਾ ਚਾਹੁੰਦਾ ਹਾਂ, ਇਸ ਲਈ ਮੇਰੇ ਕੀ ਅਧਿਕਾਰ ਹਨ ? 6

ਕੀ ਮੈਨੂੰ ਉਹ ਚੀਜ਼ਾਂ ਨੂੰ ਸਵੀਕਾਰ ਕਰਨਾ ਜ਼ਰੂਰੀ ਹੈ ਜੋ ਮੈਂ ਆਰਡਰ ਕੀਤੀਆਂ ਸਨ ਪਰ ਉਹ ਬਿਲਕੁਲ ਉਸੇ ਤਰ੍ਹਾਂ ਦੀਆਂ ਨਹੀਂ ਹਨ, ਜਿਸ ਤਰ੍ਹਾਂ ਦੀਆਂ ਮੈਂ ਆਰਡਰ ਕੀਤੀਆਂ ਸਨ ? 8

ਕੀ ਮੈਨੂੰ ਉਹਨਾਂ ਚੀਜ਼ਾਂ ਦਾ ਡਿਪੌਜ਼ਿੱਟ ਵਾਪਸ ਮਿਲ ਸਕਦਾ ਹੈ, ਜੋ ਮੈਂ ਆਰਡਰ ਕਰਨੇ ਵਕਤ ਦਿੱਤਾ ਸੀ, ਜੇ ਹੁਣ ਮੈਂ ਉਹ ਸੇਵਾ/ ਜਾਂ ਚੀਜ਼ਾਂ ਦਾ ਆਰਡਰ ਕੈਂਨਸਲ ਕਰਨ ਦਾ ਫੈਸਲਾ ਕਰ ਲਿਆ ਹੋਵੇ ? 9

ਮੈਂ ਇੱਕ ਰਾਜ ਨੂੰ ਕੰਮ ਲਈ ਲਾਇਆ ਸੀ ਤੇ ਉਹ ਕੰਮ ਖਤਮ ਕਰਨ ਵਿੱਚ ਬਹੁਤ ਹੀ ਦੇਰ ਲਾ ਰਿਹਾ ਹੈ - ਕੀ ਕੋਈ ਸਾਧਨ ਹੈ ਜਿਸ ਨਾਲ ਮੈਂ ਉਸ ਤੋਂ ਇਹ ਕੰਮ ਛੇਤੀ ਖਤਮ ਕਰਾ ਸਕਾਂ ? 10

ਮੈਂ ਜਿਹੜੀ ਵਸਤੂ ਖਰੀਦੀ ਹੈ ਉਸ ਦੇ ਨਾਲ ਉਸ ਦੀ ਗਰੰਟੀ ਹੈ।- ਇਸ ਵਿਚ ਕੀ ਕੁਝ ਸ਼ਾਮਿਲ ਹੁੰਦਾ ਹੈ ? 11

ਮੈਂ ਸੇਲ ਵਿੱਚ ਇੱਕ ਵਸਤੂ ਖਰੀਦੀ ਤੇ ਜਿਸ ਵਿੱਚ ਕੋਈ ਖਰਾਬੀ ਨਿਕਲੀ ਹੈ।- ਕੀ ਮੈਂ ਆਪਣੇ ਪੈਸੇ ਵਾਪਸ ਮੰਗ ਸਕਦਾ/ ਸਕਦੀ ਹਾਂ ? 12

ਇੱਕ ਪ੍ਰੀ-ਪੇਡ ਕਾਰਡ (ਜਿਸ ਵਿਚ ਪੈਸੇ ਪਹਿਲਾਂ ਜਮ੍ਹਾ ਕਰਾਏ ਜਾਂਦੇ ਹਨ) ਮੇਰੀ ਕਿਸ ਤਰ੍ਹਾਂ ਮੱਦਦ ਕਰ ਸਕਦਾ ਹੈ ? 13

ਮੈਨੂੰ ਇੱਕ ਨੁਕਸ ਵਾਲੀ ਕਾਰ ਵੇਚੀ ਗਈ ਹੈ ਪਰ ਡੀਲਰ (ਕਾਰ ਵੇਚਣ ਵਾਲਾ) ਇਸ ਬਾਰੇ ਕੋਈ ਵੀ ਗੱਲ ਕਰਨ ਲਈ ਤਿਆਰ ਨਹੀਂ ਹੈ -ਇਸ ਬਾਰੇ ਮੈਂ ਅਗਾਂਹ ਕੀ ਕਦਮ ਚੁੱਕ ਸਕਦਾ/ ਸਕਦੀ ਹਾਂ ? 14

ਮੈਂ ਇੱਕ ਅਖਬਾਰ ਦੇ ਪ੍ਰਾਈਵੇਟ ਇਸ਼ਤਿਹਾਰ ਵਿੱਚੋਂ ਚੀਜ਼ ਖਰੀਦੀ ਹੈ ਪਰ ਉਸ ਵਿੱਚ ਨੁਕਸ ਹੈ। - ਮੇਰੇ ਇਸ ਬਾਰੇ ਕੀ ਹੱਕ ਹਨ ? 15

ਮੈਨੂੰ ਇੱਕ ਨਿਜੀ ਚਿੱਠੀ ਮਿਲੀ ਹੈ ਜਿਸ ਵਿਚ ਦੱਸਿਆ ਗਿਆ ਹੈ ਕਿ ਮੈਂ ਲੌਟਰੀ ਵਿਚ ਕੋਈ ਇਨਾਮ ਜਿੱਤਿਆ ਹੈ। ਮੈਂ ਕਿਸ ਤਰ੍ਹਾਂ ਪਤਾ ਕਰ ਸਕਦਾ ਹਾਂ ਕਿ ਇਹ ਸੱਚ ਹੈ ਜਾਂ ਨਹੀਂ ? 16

Copyright © 2002-2007 Citizens Advice All rights reserved
Registered charity no: 279057 Company no: 1436945 England

# ਕੀ ਦੁਕਾਨਾਂ ਨੂੰ ਵਾਪਸ ਕੀਤੀਆਂ ਚੀਜ਼ਾਂ ਦੇ ਪੈਸੇ ਵਾਪਸ ਕਰਨੇ ਚਾਹੀਦੇ ਹਨ ?

ਕੋਈ ਵੀ ਦੁਕਾਨ ਤੋਂ ਚੀਜ਼ਾਂ ਖਰੀਦਣ ਵਕਤ ਉਨਾਂ ਲਈ ਜ਼ਰੂਰੀ ਹੈ ਕਿ ਉਹ ਜਿਸ ਮਕਸਦ ਲਈ ਹਨ ਉਸ ਲਈ ਪੂਰੀਆਂ ਉਤਰਨ, ਜੋ ਉਸ ਬਾਰੇ ਬਿਆਨ ਕੀਤਾ ਗਿਆ ਹੈ ਉਹ ਸਹੀ ਹੋਵੇ, ਅਤੇ ਤਸੱਲੀਬਖਸ਼ ਦਰਜੇ ਦਾ ਹੋਵੇ। ਇਸ ਦਾ ਮਤਲਬ ਹੈ ਕਿ ਉਹ ਚੀਜ਼ਾਂ ਉਸ ਤਰ੍ਹਾਂ ਦੀਆਂ ਹੀ ਹੋਣ ਜਿਸ ਦੇ ਮੁਤਾਬਿਕ ਤੁਸੀਂ ਪੈਸੇ ਦਿੱਤੇ ਹਨ ਤੇ ਜਿਹੋ ਜਿਹੀ ਤੁਹਾਨੂੰ ਆਸ ਸੀ। ਜੇ ਤੁਹਾਨੂੰ ਇਹ ਤੁਹਾਡੀ ਆਸ ਤਂ ਘੱਟ ਲੱਗਦੀਆਂ ਹਨ ਤਾਂ ਤੁਹਾਨੂੰ ਕਾਨੂੰਨੀ ਹੱਕ ਹੈ ਕਿ ਤੁਸੀਂ ਇਹਨਾਂ ਨੂੰ ਮਨਜ਼ੂਰ ਨਾ ਅਤੇ ਆਪਣੇ ਪੈਸੇ ਵਾਪਸ ਲੈ ਸਕਦੇ ਹੋ। ਜੇ ਤੁਸੀਂ ਕੁਝ ਦਿਨਾਂ ਵਿੱਚ ਉਸ ਦੁਕਾਨ ਤੇ ਨਹੀਂ ਪਹੁੰਚ ਸਕਦੇ ਤਾਂ ਤੁਹਾਨੂੰ ਟੈਲੀਫੋਨ ਕਰਨਾ ਚਾਹੀਦਾ ਹੈ ਅਤੇ ਦੁਕਾਨਦਾਰ ਨੂੰ ਦਸ ਦੇਣਾ ਚਾਹੀਦਾ ਹੈ ਕਿ ਜੋ ਚੀਜ਼ਾਂ ਤੁਸੀਂ ਉਥੋਂ ਖਰੀਦੀਆਂ ਹਨ, ਉਨ੍ਹਾਂ ਵਿੱਚ ਕੋਈ ਨੁਕਸ ਹੈ ਅਤੇ ਤੁਸੀਂ ਉਹ ਵਾਪਸ ਕਰਨਾ ਚਾਹੁੰਦੇ ਹੋ ਤੇ ਪੈਸੇ ਵਾਪਸ ਚਾਹੁੰਦੇ ਹੋ।

ਜੇ ਤੁਸੀਂ ਕੋਈ ਵਸਤੂ ਚੰਗੀ ਤਰ੍ਹਾਂ ਦੇਖੇ ਬਗੈਰ ਕਈ ਹਫਤਿਆਂ ਲਈ ਰੱਖ ਛੱਡੀ ਹੈ ਅਤੇ ਫਿਰ ਦੇਖਦੇ ਹੋ ਕਿ ਉਸ ਵਿੱਚ ਕੋਈ ਨੁਕਸ ਜਾਂ ਖਰਾਬੀ ਹੈ, ਤਾਂ ਤੁਹਾਨੂੰ ਉਸ ਨੂੰ ਵਾਪਸ ਕਰਨ ਵਿੱਚ ਅਤੇ ਪੈਸੇ ਵਾਪਸ ਲੈਣ ਵਿੱਚ ਮੁਸ਼ਕਲ ਆ ਸਕਦੀ ਹੈ, ਕਿਉਂਕਿ ਤੁਹਾਨੂੰ ਉਨ੍ਹਾਂ ਨੇ ਉਹ ਚੀਜ਼ਾਂ ਵਰਤਣ ਲਈ 'ਰੀਜ਼ਨੇਬਲ', ਵਾਜਬ ਟਾਈਮ ਦਿੱਤਾ ਸੀ। ਇਸ "ਰੀਜ਼ਨੇਬਲ', ਵਾਜਬ ਟਾਈਮ ਦੀ ਕਾਨੂੰਨੀ ਤੌਰ ਤੇ ਕੋਈ ਸਪਸ਼ਟਤਾ ਨਹੀਂ ਹੈ।

Copyright © 2002-2007 Citizens Advice All rights reserved
Registered charity no: 279057 Company no: 1436945 England

# ਕੀ ਮੈਨੂੰ ਦੁਕਾਨਾਂ ਨੂੰ ਵਾਪਸ ਕੀਤੀਆਂ ਚੀਜ਼ਾਂ ਲਈ ਦਿੱਤਾ ਕਰੈਡਿਟ ਨੋਟ ਸਵੀਕਾਰ ਕਰਨਾ ਜ਼ਰੂਰੀ ਹੈ ?

ਜੇ ਤੁਸੀਂ ਦੁਕਾਨਦਾਰ ਪਾਸ ਚੀਜ਼ਾਂ ਵਾਪਸ ਲੈ ਕੇ ਜਾਂਦੇ ਹੋ ਕਿਉਂਕਿ ਉਹ ਖਰੀਦੀਆਂ ਹੋਈਆਂ ਚੀਜ਼ਾਂ ਤਸੱਲੀਬਖਸ਼ ਦਰਜੇ ਦੀਆਂ ਨਹੀਂ ਹਨ, ਜਿਸ ਮਕਸਦ ਲਈ ਹਨ ਉਸ ਲਈ ਪੂਰੀਆਂ ਨਹੀਂ ਉਤਰ ਰਹੀਆਂ, ਤੇ ਨਾ ਹੀ ਉਨ੍ਹਾਂ ਬਾਰੇ ਬਿਆਨ ਕੀਤਾ ਗਿਆ ਸਹੀ ਹੈ, ਤਾਂ ਤੁਹਾਨੂੰ ਇਨਾਂ ਚੀਜ਼ਾਂ ਲਈ ਦਿੱਤਾ ਕਰੈਡਿਟ ਨੋਟ ਸਵੀਕਾਰ ਨਹੀਂ ਕਰਨਾ ਚਾਹੀਦਾ, ਤੁਸੀਂ ਆਪਣੇ ਕਾਨੂੰਨੀ ਹੱਕਾਂ ਦੇ ਅੰਦਰ ਹੀ ਹੋ ਜੇ ਤੁਸੀਂ ਆਪਣੇ ਪੈਸੇ ਵਾਪਸ ਚਾਹੁੰਦੇ ਹੋ।

ਪ੍ਰੰਤੂ, ਜੇ ਤੁਸੀਂ ਕਰੈਡਿਟ ਨੋਟ ਸਵੀਕਾਰ ਕਰ ਲਿਆ ਹੈ ਜਦੋਂ ਕਿ ਤੁਸੀਂ ਆਪਣੇ ਪੈਸੇ ਵਾਪਸ ਲੈ ਸਕਦੇ ਸੀ, ਤੁਸੀਂ ਫਿਰ ਆਪਣਾ ਮਨ ਨਹੀਂ ਬਦਲ ਸਕਦੇ ਸਿਰਫ ਤਾਂ ਇਹ ਹੋ ਸਕਦਾ ਹੈ ਜੇ ਤੁਸੀਂ ਇਹ ਨਿਸਚੇ ਕਰ ਸਕੋ ਕਿ ਕਰੈਡਿਟ ਨੋਟ ਸਵੀਕਾਰ ਕਰਨ ਲਈ ਤੁਹਾਨੂੰ ਜ਼ਬਰਦਸਤੀ ਕਿਹਾ ਗਿਆ ਸੀ।

ਜੇ ਤੁਸੀਂ ਦੁਕਾਨਦਾਰ ਪਾਸ ਚੀਜ਼ਾਂ ਵਾਪਸ ਲੈ ਕੇ ਜਾਂਦੇ ਹੋ ਸਿਰਫ ਇਸ ਕਰਕੇ ਕਿਉਂਕਿ ਤੁਸੀਂ ਉਨ੍ਹਾਂ ਬਾਰੇ ਆਪਣਾ ਮਨ ਬਦਲ ਲਿਆ ਹੈ, ਮਸਲਨ ਤੁਹਾਨੂੰ ਉਨਾਂ ਦਾ ਰੰਗ ਹੀ ਨਹੀਂ ਪਸੰਦ ਹੈ ਤਾਂ ਤੁਹਾਨੂੰ ਆਪਣੇ ਪੈਸੇ ਵਾਪਸ ਮੰਗਣ ਦਾ ਕੋਈ ਕਾਨੂੰਨੀ ਹੱਕ ਨਹੀਂ ਹੋਵੇਗਾ । ਜੇ ਦੁਕਾਨਦਾਰ ਇਸ ਹਾਲਾਤ ਵਿੱਚ ਤੁਹਾਨੂੰ ਕਰੈਡਿਟ ਨੋਟ ਦੇ ਰਿਹਾ ਹੈ ਤਾਂ ਉਹ ਤੁਹਾਨੂੰ ਕਾਨੂੰਨ ਦੇ ਮੁਤਾਬਕ ਕਾਫੀ ਕੁਝ ਜ਼ਿਆਦਾ ਦੇ ਰਿਹਾ ਹੈ।

Copyright © 2002-2007 Citizens Advice All rights reserved
Registered charity no: 279057 Company no: 1436945 England

## ਕ੍ਰਿਸਮਸ ਤੇ ਕਿਸੇ ਨੇ ਮੈਨੂੰ ਤੋਹਫ਼ਾ ਦਿੱਤਾ ਸੀ, ਜਿਸ ਦੀ ਮੈਨੂੰ ਜ਼ਰੂਰਤ ਨਹੀਂ ਹੈ। ਕੀ ਮੈਂ ਉਸਨੂੰ ਉਸ ਦੁਕਾਨ ਤੇ ਵਾਪਸ ਲੈ ਜਾ ਸਕਦਾ ਹਾਂ ਜਿੱਥੋਂ ਉਹ ਖਰੀਦਿਆ ਗਿਆ ਸੀ ਅਤੇ ਪੈਸੇ ਵਾਪਸ ਲੈ ਸਕਦਾ ਹਾਂ ?

ਦੁਕਾਨ ਵਾਲੇ ਸ਼ਾਇਦ ਤੁਹਾਡੇ ਪੈਸੇ ਵਾਪਸ ਕਰਨ ਲਈ ਰਾਜ਼ੀ ਹੋ ਜਾਣ, ਪਰ ਕਾਨੂੰਨ ਇਹੋ ਜਿਹਾ ਕੁਝ ਨਹੀਂ ਕਹਿੰਦਾ ਕਿ ਉਹਨਾਂ ਨੂੰ ਇਹ ਪੈਸੇ ਜ਼ਰੂਰੀ ਦੇਣੇ ਚਾਹੀਦੇ ਹਨ।

ਫਿਰ ਭੀ, ਹਾਈ ਸਟ੍ਰੀਟ ਉੱਤੇ ਵੱਡੀਆਂ ਦੁਕਾਨਾਂ ਵਾਲਿਆਂ ਪਾਸ 'ਵਾਪਸ ਕਰਨੇ ਦੀ ਪੌਲਿਸੀ' ਹੁੰਦੀ ਹੈ, ਜਿਸ ਨਾਲ ਤੁਹਾਨੂੰ ਤੁਹਾਡੇ ਬੁਨਿਆਦੀ ਅਧਿਕਾਰਾਂ ਤੋਂ ਵੱਧ ਕਾਨੂੰਨੀ ਅਧਿਕਾਰ ਦਿੱਤੇ ਜਾਂਦੇ ਹਨ। ਜੇ ਤੁਹਾਨੂੰ ਕੋਈ ਇਹੋ ਜਿਹਾ ਤੋਹਫ਼ਾ ਮਿਲਿਆ ਹੈ ਜੋ ਤੁਹਾਨੂੰ ਪਸੰਦ ਨਹੀਂ ਹੈ ਤਾਂ ਜਿਸ ਦੁਕਾਨ ਪਾਸ 'ਵਾਪਸ ਕਰਨੇ ਦੀ ਪੌਲਿਸੀ' ਹੁੰਦੀ ਹੈ, ਉਹ ਸ਼ਾਇਦ ਤੁਹਾਨੂੰ ਪੈਸੇ ਵਾਪਸ ਕਰਨ, ਚੀਜ਼ ਨੂੰ ਬਦਲ ਦੇਣ, ਕ੍ਰੈਡਿੱਟ ਨੋਟ ਜਾਂ ਗਿਫ਼ਟ ਵਾਊਚਰ ਦੇਣ ਦੀ ਪੇਸ਼ਕੱਸ਼ ਕਰਨ। ਹੋ ਸਕਦਾ ਹੈ ਕਿ ਵਕਤ ਦੀ ਕੋਈ ਸੀਮਾ ਹੋਵੇ ਜਿਸ ਦੇ ਅੰਦਰ ਅੰਦਰ ਤੁਹਾਨੂੰ ਉਹ ਚੀਜ਼ ਦੁਕਾਨ ਤੇ ਵਾਪਸ ਕਰਨੀ ਪਵੇਗੀ। ਜੇ ਕਿਸੇ ਦੁਕਾਨ ਪਾਸ 'ਵਾਪਸ ਕਰਨੇ ਦੀ ਪੌਲਿਸੀ' ਹੈ ਤਾਂ ਉਹਨਾਂ ਨੂੰ ਉਸ ਤੇ ਅਮਲ ਕਰਦੇ ਰਹਿਣਾ ਚਾਹੀਦਾ ਹੈ। ਦੁਕਾਨ ਦੇ ਵਿਚ ਇਸ ਪੌਲਿਸੀ ਦੇ ਬਾਰੇ ਲਗੇ ਹੋਏ ਨੋਟਿਸਿਜ਼ ਦੀ ਭਾਲ ਕਰੋ ਜਾਂ ਦੁਕਾਨ ਵਿਚ ਕੰਮ ਕਰਨ ਵਾਲੇ ਸਟਾਫ਼ ਨੂੰ ਪੁੱਛੋ ਕਿ ਕੀ ਉਹਨਾਂ ਪਾਸ ਇਹ ਪੌਲਿਸੀ ਹੈ ਜਾਂ ਨਹੀਂ।

ਚਾਹੇ ਕਿਸੇ ਦੁਕਾਨ ਪਾਸ ਇਹ 'ਵਾਪਸ ਕਰਨੇ ਦੀ ਪੌਲਿਸੀ' ਨਾ ਵੀ ਹੋਵੇ, ਫਿਰ ਭੀ ਉਹ ਆਪਣੇ ਵਲੋਂ ਸ਼ੁੱਭ ਭਾਵਨਾ ਦਾ ਇਜ਼ਹਾਰ ਕਰਨ ਲਈ ਉਹ ਤੋਹਫ਼ਾ ਵਾਪਸ ਲੈ ਸਕਦੇ ਹਨ, ਖ਼ਾਸ ਕਰਕੇ ਕ੍ਰਿਸਮਸ ਤੋਂ ਬਾਅਦ। ਛੋਟੀਆਂ ਦੁਕਾਨਾ ਵਾਲਿਆਂ ਤੋਂ ਸ਼ਾਇਦ ਇਸ ਤਰ੍ਹਾਂ ਕਰਨੇ ਦੀ ਉਮੀਦ ਨਾ ਹੋਵੇ, ਜਿਹਨਾਂ ਪਾਸ 'ਵਾਪਸ ਕਰਨੇ ਦੀ ਪੌਲਿਸੀ' ਦੀ ਗੁੰਜਾਇਸ਼ ਨਾ ਹੋਵੇ ਜਾਂ ਉਹ ਸ਼ੁੱਭ ਭਾਵਨਾ ਦਾ ਇਜ਼ਹਾਰ ਨਾ ਪੇਸ਼ ਕਰ ਸਕਦੇ ਹੋਣ।

ਜੇ ਤੁਸੀਂ ਕੋਈ ਤੋਹਫ਼ਾ ਵਾਪਸ ਕਰਨਾ ਚਾਹੁੰਦੇ ਹੋ ਤਾਂ ਤੁਹਾਨੂੰ ਇਹ ਨਿਸਚਿਤ ਕਰਨਾ ਪਵੇਗਾ ਹੈ ਕਿ ਉਹ ਬਿਲਕੁੱਲ ਠੀਕ ਹਾਲਤ ਵਿਚ ਹੈ ਅਤੇ ਉਸਨੂੰ ਵਰਤਿਆ ਨਹੀਂ ਗਿਆ ਹੈ। ਤੁਹਾਨੂੰ ਉਸ ਲਈ ਰਸੀਤ ਦਿਖਾਉਂਣੀ ਪਵੇਗੀ, ਹਾਲਾਂ ਕਿ ਕਈ ਦੁਕਾਨਾਂ ਵਾਲੇ ਬਿਨਾਂ ਰਸੀਤ ਤੋਂ ਵੀ ਚੀਜ਼ ਵਾਪਸ ਕਰ ਲੈਂਦੇ ਹਨ। ਜੇ ਤੁਹਾਡੇ ਪਾਸ ਰਸੀਤ ਨਹੀਂ ਹੈ ਤਾਂ ਬਦਲੇ ਵਿਚ, ਜਿਸ ਨੇ ਤੁਹਾਡੇ ਲਈ ਇਹ ਤੋਹਫ਼ਾ ਖ਼ਰੀਦਿਆ ਸੀ, ਉਸ ਵਿਅਕਤੀ ਤੋਂ ਬੈਂਕ ਜਾਂ ਕ੍ਰੈਡਿੱਟ ਕਾਰਡ ਦੀ ਸਟੇਟਮੈਂਟ ਲੈ ਕੇ ਦਿਖਾਉਣੇ ਦੀ ਕੋਸ਼ਿਸ਼ ਕਰ ਸਕਦੇ ਹੋ। ਜੇ ਤੋਹਫ਼ਾ ਕ੍ਰੈਡਿੱਟ ਜਾਂ ਡੈਬਿੱਟ ਕਾਰਡ

Copyright © 2002-2007 Citizens Advice All rights reserved
Registered charity no: 279057 Company no: 1436945 England

ਵਰਤ ਕੇ ਖ਼ਰੀਦਿਆ ਗਿਆ ਸੀ ਤਾਂ ਕੋਈ ਵੀ ਰੀਫ਼ੰਡ (ਵਾਪਸ ਮਿਲਣ ਵਾਲੇ ਪੈਸੇ) ਆਮ ਤੌਰ ਤੇ ਉਸੇ ਕਾਰਡ ਤੇ ਵਾਪਸ ਕੀਤਾ ਜਾਵੇਗਾ, ਜਿਸਨੂੰ ਵਰਤ ਕੇ ਇਹ ਤੋਹਫ਼ਾ ਖ਼ਰੀਦਿਆ ਗਿਆ ਸੀ, ਇਸ ਲਈ ਜੇ ਤੁਸੀਂ ਆਪਣਾ ਤੋਹਫ਼ਾ ਦੇ ਕੇ ਪੈਸੇ ਵਾਪਸ ਲੈਣਾ ਚਾਹੁੰਦੇ ਹੋ ਤਾਂ ਤੁਹਾਨੂੰ ਸ਼ਾਇਦ ਉਸ ਵਿਅਕਤੀ ਨੂੰ ਨਾਲ ਲਿਆਉਣਾ ਪਵੇਗਾ, ਜਿਸ ਨੇ ਤੁਹਾਡੇ ਲਈ ਇਹ ਤੋਹਫ਼ਾ ਖ਼ਰੀਦਿਆ ਸੀ।

ਇਹ ਗੱਲ ਨਾ ਭੁੱਲੋ ਕਿ ਜੇ ਤੋਹਫ਼ੇ ਵਿਚ ਕੋਈ ਖ਼ਰਾਬੀ ਹੈ ਤਾਂ ਤੁਹਾਡੇ ਪਾਸ ਵੀ ਅਧਿਕਾਰ ਹਨ ਅਤੇ ਦੁਕਾਨ ਵਾਲੇ ਨੂੰ ਲਾਜ਼ਮੀ ਹੀ ਇਸ ਬਾਰੇ ਕੁਝ ਕਰਨਾ ਪਵੇਗਾ। ਤੁਹਾਨੂੰ ਸ਼ਾਇਦ ਉਸ ਵਿਅਕਤੀ ਨੂੰ ਕਹਿਣਾ ਪਵੇਗਾ ਕਿ ਉਹ ਤੁਹਾਡੇ ਪੱਖ ਤੋਂ ਸ਼ਿਕਾਇਤ ਦਰਜ ਕਰੇ, ਜਿਸ ਨੇ ਤੁਹਾਡੇ ਲਈ ਇਹ ਤੋਹਫ਼ਾ ਖ਼ਰੀਦਿਆ ਸੀ। ਫਿਰ ਭੀ, ਤੁਸੀਂ ਖ਼ੁੱਦ ਆਪ ਵੀ ਸ਼ਿਕਾਇਤ ਕਰ ਸਕਦੇ ਹੋ, ਇਸ ਲਈ ਕਿ ਜਦੋਂ ਉਸ ਵਿਅਕਤੀ ਨੇ ਇਹ ਤੋਹਫ਼ਾ ਖ਼ਰੀਦਿਆ ਸੀ ਤਾਂ ਉਸ ਨੇ ਦੁਕਾਨਦਾਰ ਪਾਸ ਇਸ ਗੱਲ ਦਾ ਜ਼ਿਕਰ ਕੀਤਾ ਸੀ ਕਿ ਉਹ ਇਸ ਨੂੰ ਤੋਹਫ਼ੇ ਦੇ ਤੌਰ ਤੇ ਦੇ ਰਿਹਾ ਹੈ। ਕੋਈ ਲਿਖਤੀ ਚਿੱਠੀ ਵੀ ਮੱਦਦਗਾਰ ਹੋਵੇਗੀ, ਜਿਸ ਵਿਚ ਦੱਸਿਆ ਗਿਆ ਹੋਵੇ ਕਿ ਵੇਚਣੇ ਦੇ ਵਕਤ ਦੁਕਾਨ ਵਾਲੇ ਨੂੰ ਇਸ ਗੱਲ ਦਾ ਪਤਾ ਸੀ।

Copyright © 2002-2007 Citizens Advice All rights reserved
Registered charity no: 279057 Company no: 1436945 England

# ਸੇਲਜ਼ ਵਿਚ ਮੈਂ ਕੋਈ ਚੀਜ਼ ਖ਼ਰੀਦੀ ਸੀ ਜਿਹੜੀ ਮੈਂ ਵਾਪਸ ਕਰਨਾ ਚਾਹੁੰਦਾ ਹਾਂ, ਇਸ ਲਈ ਮੇਰੇ ਕੀ ਅਧਿਕਾਰ ਹਨ ?

ਤੁਹਾਨੂੰ ਦੁਕਾਨ ਤੇ ਕੋਈ ਵੀ ਚੀਜ਼ ਵਾਪਸ ਲੈ ਕੇ ਜਾਣ ਦਾ ਹੱਕ ਨਹੀਂ ਹੈ, ਇਸ ਲਈ ਕਿ ਘਰ ਲੈ ਕੇ ਜਾਣ ਤੋਂ ਬਾਅਦ ਤੁਸੀਂ ਉਸ ਬਾਰੇ ਆਪਣਾ ਇਰਾਦਾ ਬਦਲ ਲਿਆ ਹੈ ਅਤੇ ਹੁਣ ਤੁਹਾਨੂੰ ਇਹ ਪਸੰਦ ਨਹੀਂ ਹੈ। ਚੀਜ਼ ਚਾਹੇ ਤੁਸੀਂ ਸੇਲ ਵਿਚ ਖ਼ਰੀਦੀ ਹੋਵੇ ਜਾਂ ਫਿਰ ਕਿਸੇ ਹੋਰ ਵਕਤ, ਇਹ ਗੱਲ ਫਿਰ ਵੀ ਲਾਗੂ ਹੁੰਦੀ ਹੈ।

ਫਿਰ ਭੀ, ਦੁਕਾਨ ਤੇ ਵਾਪਸ ਲੈ ਕੇ ਜਾਣਾ ਫਾਇਦੇਮੰਦ ਹੋਵੇਗਾ ਜੇ ਦੁਕਾਨਦਾਰ ਕਿਸੇ ਵੀ ਤਰ੍ਹਾਂ ਇਸ ਨੂੰ ਵਾਪਸ ਲੈ ਲੈਣ ਲਈ ਰਾਜ਼ੀ ਹੋ ਜਾਵੇ। ਬਹੁਤ ਸਾਰੀਆਂ ਦੁਕਾਨਾਂ, ਖ਼ਾਸ ਕਰਕੇ ਹਾਈ ਸਟ੍ਰੀਟ ਦੀਆਂ ਬੜੀਆਂ ਦੁਕਾਨਾਂ ਦੇ ਪਾਸ ਸਾਮਾਨ ਵਾਪਸ ਕਰਨੇ ਦੀ ਪੌਲਿਸੀ ਹੁੰਦੀ ਹੈ ਜਿਸ ਦਾ ਮਤਲਬ ਕਿ ਇਸ ਦੇ ਬਦਲੇ ਵਿਚ ਉਹ ਤੁਹਾਨੂੰ ਸਾਮਾਨ ਵਾਪਸ ਕਰਕੇ ਓਨੇ ਹੀ ਪੈਸਿਆਂ ਦਾ ਰੀਫ਼ੰਡ ਵਾਪਸ ਲੈਣ ਦੀ, ਬਦਲਾਉਣ ਦੀ, ਕ੍ਰੈਡਿੱਟ ਨੋਟ ਲੈਣ ਦੀ ਜਾਂ ਗਿਫ਼ਟ ਵਾਊਚਰ ਲੈਣ ਦੀ ਇਜਾਜ਼ਤ ਦੇਣਗੇ। ਇਸ ਤਰ੍ਹਾਂ ਕਰਨੇ ਲਈ ਆਮ ਤੌਰ ਤੇ ਵਕਤ ਦੀ ਕੁਝ ਸੀਮਾ ਹੁੰਦੀ ਹੈ।

ਇਹ ਯਾਦ ਰੱਖੋ ਕਿ ਕਾਨੂੰਨ ਵਲੋਂ ਦੁਕਾਨਾਂ ਤੋਂ ਇਹ ਮੰਗ ਨਹੀਂ ਕੀਤੀ ਜਾਂਦੀ ਕਿ ਤੁਸੀਂ ਆਪਣਾ ਬੇਲੋੜਾ ਸਾਮਾਨ ਵਾਪਸ ਕਰਨ ਲਈ ਲੈ ਕੇ ਆਓ ਅਤੇ ਜਿਹੜੀਆਂ ਦੁਕਾਨਾਂ ਆਮ ਤੌਰ ਤੇ ਤੁਹਾਨੂੰ ਇਸ ਤਰ੍ਹਾਂ ਕਰਨ ਦੀ ਇਜਾਜ਼ਤ ਦਿੰਦੀਆਂ ਹਨ, ਉਹ ਵੀ ਸੇਲ ਵਿਚ ਖ਼ਰੀਦੀਆਂ ਗਈਆਂ ਚੀਜ਼ਾਂ ਵਾਪਸ ਨਹੀਂ ਲੈਣਗੇ।

ਇਹ ਨਿਸਚਿਤ ਕਰਨੇ ਦਾ ਸਭ ਤੋਂ ਬਿਹਤਰੀਨ ਤ੍ਰੀਕਾ ਇਹ ਹੈ ਕਿ ਤੁਸੀਂ ਸਾਮਾਨ ਖ਼੍ਰੀਦਣੇ ਤੋਂ ਪਹਿਲਾਂ ਸੇਲਜ਼ ਅਸਿਸਟੈਂਟ ਦੀ ਮਨਜ਼ੂਰੀ ਲੈ ਲਓ ਕਿ ਤੁਸੀਂ ਉਹ ਚੀਜ਼ ਵਾਪਸ ਕਰ ਸਕਦੇ ਹੋ ਜਿਸ ਦੀ ਤੁਹਾਨੂੰ ਜ਼ਰੂਰਤ ਨਹੀਂ ਹੈ। ਜੇ ਤੁਸੀਂ ਇਸ ਤਰ੍ਹਾਂ ਦਾ ਇੰਤਜ਼ਾਮ ਕੀਤਾ ਹੋਇਆ ਹੈ ਤਾਂ ਫਿਰ ਦੁਕਾਨ ਵਾਲੇ ਦਾ ਤੁਹਾਡੇ ਨਾਲ ਸਹਿਮਤ ਹੋਣ ਦਾ ਫ਼ਰਜ਼ ਬਣਦਾ ਹੈ।

ਇਹ ਸੱਚ ਹੈ ਕਿ ਜੇ ਉਸ ਚੀਜ਼ ਵਿਚ ਕੋਈ ਨੁਕਸ ਹੈ ਤਾਂ ਤੁਹਾਡੇ ਪਾਸ ਉਸਨੂੰ ਵਾਪਸ ਕਰਨੇ ਦਾ ਹੱਕ ਹੋਵੇਗਾ। ਹਾਲਾਤ ਉੱਤੇ ਨਿਰਭਰ ਕਰਦਾ ਹੈ ਕਿ ਸ਼ਾਇਦ ਤੁਹਾਨੂੰ ਪੂਰੇ ਰੀਫ਼ੰਡ ਮਿਲਣ ਦਾ ਹੱਕ ਹੋਵੇ, ਕੁਝ ਪੈਸੇ ਮਿਲਣ ਦਾ ਹੱਕ ਹੋਵੇ ਜਾਂ ਉਸ ਚੀਜ਼ ਦੀ ਮੁਰੰਮਤ ਕਰਾਉਣ ਜਾਂ ਉਸ ਦੇ ਬਦਲੇ ਵਿਚ ਨਵੀਂ ਮਿਲਣ ਦਾ ਹੱਕ ਹੋਵੇ। ਤੁਸੀਂ ਕ੍ਰੈਡਿੱਟ ਨੋਟ ਜਾਂ ਗਿਫ਼ਟ ਵਾਊਚਰ ਲੈਣਾ

Copyright © 2002-2007 Citizens Advice All rights reserved
Registered charity no: 279057 Company no: 1436945 England

ਵੀ ਪਸੰਦ ਕਰ ਸਕਦੇ ਹੋ, ਪਰ ਜੇ ਤੁਸੀਂ ਚਾਹੁੰਦੇ ਹੋ ਕਿ ਇਹ ਮਸਲਾ ਕਿਸੇ ਦੂਸਰੇ ਤ੍ਰੀਕੇ ਨਾਲ ਨਿਪਟਾਇਆ ਜਾ ਸਕਦਾ ਹੈ ਤਾਂ ਇਸ ਤਰ੍ਹਾਂ ਕਰਨਾ ਜ਼ਰੂਰੀ ਨਹੀਂ ਹੈ।

ਤੁਹਾਡੇ ਪਾਸ ਤੁਹਾਡੇ ਅੱਧਿਕਾਰ ਹਨ, ਚਾਹੇ ਤੁਸੀਂ ਸਾਮਾਨ ਸੇਲ ਵਿਚ ਜਾਂ ਫਿਰ ਕਿਸੇ ਹੋਰ ਵਕਤ ਖ਼ਰੀਦਿਆ ਹੈ। ਜੇ ਕਰ ਦੁਕਾਨ ਵਾਲੇ ਤੁਹਾਨੂੰ ਕੁਝ ਹੋਰ ਕਹਿ ਰਹੇ ਹਨ ਤਾਂ ਉਹ ਕਾਨੂੰਨ ਦੀ ਉਲੰਘਣਾ ਕਰ ਰਹੇ ਹਨ ਅਤੇ ਤੁਹਾਨੂੰ ਇਸ ਦੀ ਸ਼ਿਕਾਇਤ ਕਨਜ਼ਿਊਮਰ ਡਾਇਰੈਕਟ ਵਾਲਿਆਂ ਨੂੰ 0845 404 0506 ਤੇ ਫ਼ੋਨ ਕਰਕੇ ਕਰਨੀ ਚਾਹੀਦੀ ਹੈ।

ਫਿਰ ਭੀ, ਸੇਲ ਵਿਚ ਵੇਚੀਆਂ ਗਈਆਂ ਕੁਝ ਚੀਜ਼ਾਂ ਸਸਤੀਆਂ ਹੋ ਸਕਦੀਆਂ ਹਨ ਕਿਉਂਕਿ ਉਹਨਾਂ ਵਿਚ ਛੋੜਾ ਜਿਹਾ ਮੁਕਸ ਹੁੰਦਾ ਹੈ, ਇਸ ਲਈ ਖ਼ਰੀਦਣ ਤੋਂ ਪਹਿਲਾਂ ਉਹਨਾਂ ਨੂੰ ਪੂਰੀ ਤਰ੍ਹਾਂ ਨਾਲ ਚੈੱਕ ਕਰ ਲਵੋ। ਜੇ ਸੇਲ ਤੋਂ ਪਹਿਲਾਂ ਤੁਹਾਨੂੰ ਨੁਕਸ ਬਾਰੇ ਦੱਸਿਆ ਗਿਆ ਸੀ, ਮਿਸਾਲ ਵਜੋਂ ਕਿਸੇ ਸਾਈਨ ਉੱਤੇ, ਲੇਬਲ ਉੱਤੇ ਜਾਂ ਫਿਰ ਸੌਪ ਅਸਿਸਟੈਂਟ ਨੇ ਦੱਸਿਆ ਸੀ ਤਾਂ ਫਿਰ ਜ਼ਰੂਰੀ ਨਹੀਂ ਹੈ ਕਿ ਦੁਕਾਨ ਵਾਲਾ ਉਹ ਚੀਜ਼ ਵਾਪਸ ਲਵੇ। ਜੇ ਨੁਕਸ ਬਾਰੇ ਤੁਹਾਨੂੰ ਨਹੀਂ ਵੀ ਦੱਸਿਆ ਗਿਆ ਸੀ, ਫਿਰ ਵੀ ਇਸ ਤਰ੍ਹਾਂ ਹੋ ਸਕਦਾ ਹੈ, ਕਿ ਉਹ ਨੁਕਸ ਇੰਨਾ ਸਪਸ਼ਟ ਸੀ ਕਿ ਤੁਹਾਨੂੰ ਕਿਸੇ ਵੀ ਤਰ੍ਹਾਂ ਦਿਖਾਈ ਦੇ ਸਕਦਾ ਸੀ।

ਜੇ ਨੁਕਸ ਵਲ ਕੋਈ ਇਸ਼ਾਰਾ ਨਹੀਂ ਕੀਤਾ ਗਿਆ ਸੀ ਅਤੇ ਦਿਖਾਈ ਨਹੀਂ ਦੇ ਰਿਹਾ ਸੀ ਤਾਂ ਤੁਹਾਨੂੰ ਆਪਣੇ ਅਧਿਕਾਰਾਂ ਤੇ ਡੱਟੇ ਰਹਿਣਾ ਚਾਹੀਦਾ ਹੈ!

Copyright © 2002-2007 Citizens Advice All rights reserved
Registered charity no: 279057 Company no: 1436945 England

## ਕੀ ਮੈਨੂੰ ਉਹ ਚੀਜ਼ਾਂ ਨੂੰ ਸਵੀਕਾਰ ਕਰਨਾ ਜ਼ਰੂਰੀ ਹੈ ਜੋ ਮੈਂ ਆਰਡਰ ਕੀਤੀਆਂ ਸਨ ਪਰ ਉਹ ਬਿਲਕੁਲ ਉਸੇ ਤਰ੍ਹਾਂ ਦੀਆਂ ਨਹੀਂ ਹਨ, ਜਿਸ ਤਰ੍ਹਾਂ ਦੀਆਂ ਮੈਂ ਆਰਡਰ ਕੀਤੀਆਂ ਸਨ ?

ਜੇ ਤੁਸੀਂ ਕੋਈ ਖਾਸ ਚੀਜ਼ ਆਰਡਰ ਕੀਤੀ ਹੈ ਤੇ ਉਹ ਚੀਜ਼ ਉਹ ਨਹੀਂ ਹੈ ਜੋ ਕਿ ਤੁਸੀਂ ਆਰਡਰ ਕੀਤੀ ਸੀ ਤਾਂ ਤੁਹਾਨੂੰ ਉਹ ਬਿਲਕੁਲ ਰੱਖਣੀ ਨਹੀਂ ਚਾਹੀਦੀ। ਤੁਹਾਨੂੰ ਦੁਕਾਨਦਾਰ ਨੂੰ ਇਹ ਦਰਸਾਉਂਦੇ ਹੋਏ ਲਿਖਣਾ ਚਾਹੀਦਾ ਹੈ ਕਿ ਤੁਹਾਨੂੰ ਇਹ ਚੀਜ਼ਾਂ ਨਹੀਂ ਚਾਹੀਦੀਆਂ, ਕਿਉਂਕਿ ਉਹ ਚੀਜ਼ਾਂ ਉਹ ਨਹੀਂ ਹਨ ਜੋ ਕਿ ਤੁਸੀਂ ਆਰਡਰ ਕੀਤੀਆਂ ਸੀ ਅਤੇ ਤੁਸੀਂ ਇਨਾਂ ਲਈ ਕੋਈ ਵੀ ਪੈਸਾ ਨਹੀਂ ਦੇਵੋਗੇ।

ਤੁਸੀਂ ਦੁਕਾਨਦਾਰ ਨੂੰ ਉਹ ਚੀਜ਼ਾਂ ਬਦਲਣ ਲਈ ਕਹਿ ਸਕਦੇ ਹੋ ਜੋ ਕਿ ਤੁਸੀਂ ਪਹਿਲਾਂ ਹੀ ਆਰਡਰ ਕੀਤੀਆਂ ਸੀ ਅਤੇ ਜੋ ਚੀਜ਼ਾਂ ਨਹੀਂ ਚਾਹੀਦੀਆਂ ਉਹਨਾਂ ਨੂੰ ਵਾਪਸ ਲਿਜਾਣ ਦਾ ਬੰਦੋਬਸਤ ਕਰ ਸਕਦੇ ਹੋ। ਤੁਸੀਂ ਇਹ ਵੀ ਕਰ ਸਕਦੇ ਹੋ ਕਿ ਤੁਸੀਂ ਆਪ ਉਹ ਚੀਜ਼ਾਂ ਦੁਕਾਨਦਾਰ ਨੂੰ ਵਾਪਸ ਭੇਜ ਦੇਵੋ ਤੇ ਇਹ ਕਰਨ ਦੇ ਪੈਸੇ ਵਸੂਲ ਕਰ ਲਵੋ।

ਜੇ ਦੁਕਾਨਦਾਰ ਨੇ ਉਹ ਨਾ–ਲੋੜੀਂਦੀਆਂ ਚੀਜ਼ਾਂ ਆਪ ਆ ਕੇ ਇੱਕਠੀਆਂ ਕਰਨ ਲਈ ਮੰਨ ਲਿਆ ਹੈ ਤਾਂ ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਉਨਾਂ ਦੀ ਚੰਗੀ ਦੇਖ ਭਾਲ ਕਰੋ ਜਦੋਂ ਤਕ ਕੇ ਉਹ ਲੈ ਨਾ ਜਾਣ। ਇਸ ਦਾ ਮਤਲਬ ਹੈ, ਮਸਲਨ ਜੇ ਤੁਹਾਡੇ ਪਾਸ ਉਹ ਨਾ–ਲੋੜੀਂਦੀਆਂ ਚੀਜ਼ਾਂ ਵਾਪਸ ਲੈ ਜਾਣ ਲਈ ਪਈਆਂ ਹਨ ਤਾਂ ਉਹ ਤੁਹਾਡੇ ਅਗਲੇ ਦਰਵਾਜ਼ੇ ਦੇ ਬਾਹਰ ਰੱਖ ਕੇ ਨਹੀਂ ਜਾਣਾ ਚਾਹੀਦਾ, ਜਿੱਥੇ ਕਿ ਉਹ ਖਰਾਬ ਹੋ ਸਕਣ ਜਾਂ ਚੋਰੀ ਹੋ ਜਾਣ।

Copyright © 2002-2007 Citizens Advice All rights reserved
Registered charity no: 279057 Company no: 1436945 England

## ਕੀ ਮੈਨੂੰ ਉਹਨਾਂ ਚੀਜ਼ਾਂ ਦਾ ਡਿਪੌਜ਼ਿੱਟ ਵਾਪਸ ਮਿਲ ਸਕਦਾ ਹੈ, ਜੋ ਮੈਂ ਆਰਡਰ ਕਰਨੇ ਵਕਤ ਦਿੱਤਾ ਸੀ, ਜੇ ਹੁਣ ਮੈਂ ਉਹ ਸੇਵਾ/ ਜਾਂ ਚੀਜ਼ਾਂ ਦਾ ਆਰਡਰ ਕੈਂਨਸਲ ਕਰਨ ਦਾ ਫੈਸਲਾ ਕਰ ਲਿਆ ਹੋਵੇ ?

ਤੁਹਾਨੂੰ ਤੁਹਾਡਾ ਚੀਜ਼ਾਂ ਦਾ ਡਿਪੌਜ਼ਿਟ ਵਾਪਸ ਮਿਲ ਸਕਦਾ ਹੈ ਜੇ ਤੁਸੀਂ ਇਹ ਪਾਰਟ–ਪੇਅਮੈਂਟ, ਥੋੜੀ ਕੀਮਤ ਵਾਂਗ ਪੈਸੇ ਦਿਤੇ ਸਨ। ਤੁਹਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਵਪਾਰੀ ਨੂੰ ਵੀ ਮੁਆਵਜ਼ੇ ਦਾ ਹੱਕ ਹੈ ਕਿਉਂਕਿ ਤੁਸੀਂ ਚੀਜ਼ਾਂ ਲਈ ਇੱਕਰਾਰਨਾਮੇ ਨੂੰ ਜਾਂ ਸੇਵਾ ਕੀਤੀ ਜਾਣ ਤੋਂ ਤੋੜਿਆ ਹੈ। ਸੋ ਉਹ ਇਸ ਦਾ ਕੁਝ ਭਾਗ ਜਾਂ ਫਿਰ ਸਾਰਾ ਹੀ ਡਿਪੌਜ਼ਿਟ ਜੋ ਵੀ ਵਾਜਬ ਹੋਵੇ ਜੇ ਇਸ ਵਿਪਾਰੀ ਨੇ ਤੁਹਾਡੇ ਆਰਡਰ ਤ ਪੈਸੇ ਖਰਚੇ ਹਨ ਤਾਂ ਉਹ ਇਹ ਪੈਸੇ ਰੱਖ ਸਕਦਾ ਹੈ।

ਜੇ ਤੁਸੀਂ ਆਪਣਾ ਮਨ ਬਦਲ ਲਿਆ ਹੈ ਤਾਂ ਵਿਪਾਰੀ ਨੂੰ ਉਹ ਪੈਸੇ ਰੱਖਣੇ ਵਾਜਬ ਹਨ ਕਿਉਂਕਿ ਉਸ ਨੇ ਤੁਹਾਡੇ ਆਰਡਰ ਦੇ ਅਧਾਰ ਤੇ ਪੈਸੇ ਪਹਿਲਾਂ ਹੀ ਖਰਚ ਦਿੱਤੇ ਹਨ ਤੇ ਫਿਰ ਹੁਣ ਤੁਹਾਨੂੰ ਸਿਰਫ ਡਿਪੌਜ਼ਿਟ ਜਿੰਨੇ ਹੀ ਪੈਸੇ ਦੇਣੇ ਪੈਣਗੇ ਉਸ ਤੋਂ ਜ਼ਿਆਦਾ ਨਹੀਂ।

ਡਿਪੌਜ਼ਿਟ ਵਾਪਸ ਦਿੱਤਾ ਜਾ ਸਕਦਾ ਹੈ ਜੇ ਵਪਾਰੀ ਨੇ ਆਪਣੇ ਪਾਸੇ ਦੇ ਇੱਕਰਾਰਨਾਮੇ ਨੂੰ ਤੋੜਿਆ ਹੋਵੇ ਜਾਂ ਤੁਸੀਂ ਤੇ ਵਪਾਰੀ ਨੇ ਪਹਿਲਾਂ ਹੀ ਇਹ ਸਮਝੌਤਾ ਕੀਤਾ ਸੀ ਕਿ ਇਹ ਡਿਪੌਜ਼ਿਟ ਕਿਸੇ ਖਾਸ ਹਾਲਾਤ ਵਿੱਚ ਵਾਪਸ ਹੀ ਕੀਤਾ ਜਾਵੇਗਾ।

Copyright © 2002-2007 Citizens Advice All rights reserved
Registered charity no: 279057 Company no: 1436945 England

## ਮੈਂ ਇੱਕ ਰਾਜ ਨੂੰ ਕੰਮ ਲਈ ਲਾਇਆ ਸੀ ਤੇ ਉਹ ਕੰਮ ਖਤਮ ਕਰਨ ਵਿੱਚ ਬਹੁਤ ਹੀ ਦੇਰ ਲਾ ਰਿਹਾ ਹੈ - ਕੀ ਕੋਈ ਸਾਧਨ ਹੈ ਜਿਸ ਨਾਲ ਮੈਂ ਉਸ ਤੋਂ ਇਹ ਕੰਮ ਛੇਤੀ ਖਤਮ ਕਰਾ ਸਕਾਂ ?

ਜਦੋਂ ਤੁਸੀਂ ਕਿਸੇ ਰਾਜ ਨੂੰ ਆਪਣੇ ਵਾਸਤੇ ਕੰਮ ਕਰਨ ਲਈ ਲਾਉਂਦੇ ਹੋ, ਤਾਂ ਤੁਸੀਂ ਉਸ ਦੀ ਸੇਵਾ ਖਰੀਦਦੇ ਹੋ ਅਤੇ ਤੁਹਾਨੂੰ ਇਸ ਦੇ ਚੰਗੀ ਤਰ੍ਹਾਂ ਧਿਆਨ ਨਾਲ ਕੀਤੇ ਜਾਣ ਦਾ ਤੇ ਜੋ ਤੁਸੀਂ ਉਸ ਮਿਸਤਰੀ ਜਾਂ ਰਾਜ ਪਾਸੋਂ ਜੋ ਉਮੀਦ ਰੱਖਦੇ ਹ ਉਸ ਦਾ ਤੁਹਾਨੂੰ ਪੂਰਾ ਹੱਕ ਹੈ। ਇਸ ਦਾ ਮਤਲਬ ਹੈ ਕਿ ਜਿਹੜੀ ਉਸ ਨੇ ਕੰਧ ਬਣਾਈ ਹੈ, ਉਸ ਵਿੱਚ ਕੋਈ ਤਰੇੜ ਨਾ ਹੋਵੇ ਤੇ ਛੱਤ ਚੋਂਦੀ ਨਾ ਹੋਵੇ।

ਤੁਸੀਂ ਕੰਮ ਤੋਂ ਪਹਿਲਾਂ ਉਸ ਨਾਲ ਟਾਈਮ ਦਾ ਫੈਸਲਾ ਜ਼ਰੂਰੀ ਨਹੀਂ ਹੈ ਕਿ ਕੀਤਾ ਹੋਵੇ ਪਰ ਤੁਸੀਂ ਉਹ ਕੰਮ ‘ਵਾਜਬ’ ਸਮੇਂ ਵਿੱਚ ਖਤਮ ਹੋਣ ਦਾ ਹੱਕ ਰੱਖਦੇ ਹੋ। ‘ਵਾਜਬ’ ਸਮੇਂ ਦੀ ਕਾਨੂੰਨੀ ਸਪਸ਼ਟਤਾ ਕੋਈ ਨਹੀਂ ਹੈ ਪਰ ਇਹ ਵੀ ਵਾਜਬ ਨਹੀਂ ਹੋਵੇਗਾ ਕਿ ਤੁਸੀਂ ਉਸ ਰਾਜ ਕੋਲੋਂ ਪੂਰਾ ਘਰ ਹੀ ਦੋ ਹਫਤਿਆਂ ਵਿੱਚ ਬਣਵਾਉਣਾ ਚਾਹੋ ਜਾਂ ਇਹ ਵੀ ਵਾਜਬ ਨਹੀਂ ਹੈ ਕਿ ਉਹ ਇੱਕ ਬਾਰਬਿਕਿਊ, ਕੋਲਿਆਂ ਵਾਲਾ ਚੁੱਲ੍ਹਾ ਤਿੰਨ ਮਹੀਨਿਆਂ ਵਿੱਚ ਬਣਾਵੇ।

ਜੇ ਤੁਹਾਨੂੰ ਲੱਗਦਾ ਹੈ ਕਿ ਉਹ ਰਾਜ ਬੇਮਤਲਬ ਹੀ ਜ਼ਿਆਦਾ ਟਾਈਮ ਲਗਾ ਰਿਹਾ ਹੈ, ਤਾਂ ਤੁਸੀਂ ਉਸ ਦੇ ਟਾਈਮ ਦੀ ਡਾਇਰੀ ਸ਼ੁਰੂ ਕਰ ਸਕਦੇ ਹੋ ਕਿ ਉਹ ਕੀ ਕੀ ਕੰਮ ਕਰ ਰਿਹਾ ਹੈ ਅਤੇ ਜਿੱਦਾਂ ਥੋੜਾ ਥੋੜਾ ਕੰਮ ਹੋ ਰਿਹਾ ਹੈ ਤੁਸੀਂ ਉਸ ਦੀਆਂ ਫੋਟੋਆਂ ਖਿੱਚ ਸਕਦੇ ਹੋ। ਜੇ ਫਿਰ ਤੁਸੀਂ ਕਾਨੂੰਨੀ ਕਾਰਵਾਈ ਕਰਨ ਦਾ ਸੋਚਦੇ ਹੋ ਤਾਂ ਇਹ ਤੁਸੀਂ ਸਬੂਤ ਦੇ ਤੌਰ ਤੇ ਵਰਤ ਸਕਦੇ ਹੋ। ਜੇ ਤੁਸੀਂ ਓਸ ਰਾਜ ਨਾਲ ਇਸ ਚਿੰਤਾ ਬਾਰੇ ਗੱਲ ਕਰਦੇ ਹੋ ਤੇ ਇਸ ਨਾਲ ਵੀ ਕੋਈ ਫਰਕ ਨਹੀਂ ਪੈ ਰਿਹਾ ਤਾਂ ਚੰਗਾ ਹੋਵੇਗਾ ਕਿ ਤੁਸੀਂ ਉਸ ਬਿਲਡਰ, ਰਾਜ ਨੂੰ ਇਹ ਸਭ ਕੁਝ ਲਿਖ ਕੇ ਭੇਜੋ ਕਿ ਤੁਸੀਂ ਕੀ ਚਾਹੁੰਦੇ ਹੋ ( ਇਸ ਚਿਠੀ ਦੀ ਕਾਪੀ ਰੱਖ ਲੈਣਾ) ।ਜੇ ਇਸ ਨਾਲ ਵੀ ਕੋਈ ਫ਼ਰਕ ਨਾ ਪਿਆ ਤਾਂ ਤੁਸੀਂ ਅਦਾਲਤੀ ਕਾਰਵਾਈ ਜਾਂ ਕੇਸ ਕਰ ਸਕਦ ਹੋ।

Copyright © 2002-2007 Citizens Advice All rights reserved
Registered charity no: 279057 Company no: 1436945 England

# ਮੈਂ ਜਿਹੜੀ ਵਸਤੂ ਖਰੀਦੀ ਹੈ ਉਸ ਦੇ ਨਾਲ ਉਸ ਦੀ ਗਰੰਟੀ ਹੈ। - ਇਸ ਵਿਚ ਕੀ ਕੁਝ ਸ਼ਾਮਿਲ ਹੁੰਦਾ ਹੈ ?

ਜਦੋਂ ਤੁਸੀਂ ਕੋਈ ਚੀਜ਼ ਖਰੀਦਦੇ ਹੋ ਤਾਂ ਤੁਹਾਡੇ ਕਾਨੂੰਨੀ ਹੱਕਾਂ ਤੋਂ ਉੱਪਰ ਤੁਹਾਡੇ ਲਈ ਇੱਕ ਗਰੰਟੀ ਵਧੇਰਾ ਬਚਾਓ ਹੈ। ਵਪਾਰੀ ਲਈ ਜ਼ਰੂਰੀ ਨਹੀਂ ਹੈ ਕਿ ਉਹ ਤੁਹਾਨੂੰ ਗਰੰਟੀ ਦੇਵੇ।

ਕਈ ਹਾਲਾਤਾਂ ਵਿੱਚ ਗਰੰਟੀ ਤੁਹਾਨੂੰ ਖਰਾਬ ਵਸਤੂਆਂ ਨੂੰ ਠੀਕ ਜਾਂ ਬਦਲ ਦੇਣ ਦਾ ਹੱਕ ਦਿੰਦੀ ਹੈ। ਗਰੰਟੀ ਦੇਣ ਦਾ ਇਹ ਮਤਲਬ ਨਹੀਂ ਹੈ ਕਿ ਵਪਾਰੀ ਗਾਹਕ ਦੇ ਕਾਨੂੰਨੀ ਹੱਕਾਂ ਨੂੰ ਬੇਧਿਆਨਾ ਕਰ ਸਕੇ, ਮਸਲਨ ਕਈ ਹਾਲਾਤਾਂ ਵਿੱਚ ਤੁਹਾਡੇ ਪੈਸੇ ਵਾਪਸ ਲੈਣ ਦੇ ਹੱਕ ਜਦੋਂ ਕਿ ਖਰੀਦੀਆਂ ਚੀਜ਼ਾਂ ਵਿੱਚ ਨੁਕਸ ਸੀ।

ਜੇ ਵਪਾਰੀ ਗਾਹਕ ਦੇ ਕਾਨੂੰਨੀ ਹੱਕਾਂ ਨੂੰ ਬੇਧਿਆਨਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ ਤਾਂ ਉਹ ਅਪਰਾਧੀ ਦੋਸ਼ ਕਰ ਰਿਹਾ ਹੈ। ਇੰਗਲੈਂਡ ਅਤੇ ਵੇਲਜ਼ ਵਿਚ ਤੁਹਾਨੂੰ ਕਨਜ਼ਿਊਮਰ ਡਾਇਰੈਕਟ ਨਾਲ 0845 404 0506 ਤੇ ਸੰਪਰਕ ਕਰਨਾ ਚਾਹੀਦਾ ਹੈ। ਨੌਰਧਰਨ ਆਇਅਰਲੈਂਡ ਵਿਚ ਕੰਜ਼ਿਊਮਰਲਾਈਨ ਨਾਲ 0300 123  6262 ਤੇ ਸੰਪਰਕ ਕਰੋ।

Copyright © 2002-2007 Citizens Advice All rights reserved
Registered charity no: 279057 Company no: 1436945 England

## ਮੈਂ ਸੇਲ ਵਿੱਚ ਇੱਕ ਵਸਤੂ ਖਰੀਦੀ ਸੀ ਤੇ ਉਸ ਵਿੱਚ ਕੋਈ ਖਰਾਬੀ ਹੈ। - ਕੀ ਮੈਂ ਆਪਣੇ ਪੈਸੇ ਵਾਪਸ ਮੰਗ ਸਕਦਾ/ ਸਕਦੀ ਹਾਂ ?

ਤੁਸੀਂ ਜਿਹੜੀ ਚੀਜ਼ ਖਰੀਦਦੇ ਹੋ ਤੁਸੀਂ ਇਸ ਚੀਜ਼ ਦੇ ਅੱਛੇ ਦਰਜੇ ਦੀ ਹੋਣ ਦੀ ਉਨੀ ਹੀ ਉਮੀਦ ਰੱਖਦੇ ਹੋ ਜਿੰਨੀ ਕਿ ਚਾਹੇ ਤੁਸੀਂ ਇਹ ਚੀਜ਼ ਸੇਲ ਵਿਚ ਪਹਿਲਾਂ ਖਰੀਦੀ ਹੋਵੇ ਜਾਂ ਬਾਅਦ ਵਿੱਚ। ਸਿਰਫ ਫ਼ਰਕ ਇਹ ਹੈ ਕਿ ਜੇ ਸੇਲ ਵਿੱਚ ਖਰੀਦੀ ਚੀਜ਼ ਨੂੰ ਬਹੁਤ ਹੀ ਸਫਾਈ ਨਾਲ ਲਿਖਿਆ ਹੋਇਆ ਸੀ ਕਿ ਉਹ 'ਸ਼ੌਪ ਸੌਇਅਲਡ' (ਦੁਕਾਨ ਵਿੱਚ ਪਈ ਗੰਦੀ ਹੋਈ) ਜਾਂ 'ਇੰਮਪਰਫੈਕਟ' (ਠੀਕ ਨਹੀਂ ) ਹੈ ਤਾਂ ਤੁਸੀਂ ਉਸ ਲਈ ਪੈਸੇ ਵਾਪਸ ਨਹੀਂ ਮੰਗ ਸਕਦੇ ਕਿਉਂਕਿ ਜਦੋਂ ਤੁਸੀਂ ਉਹ ਚੀਜ਼ ਖਰੀਦੀ ਸੀ ਤਾਂ ਤੁਹਾਨੂੰ ਪਤਾ ਸੀ ਕਿ ਉਹ ਬਿਲਕੁਲ ਸਹੀ ਨਹੀਂ ਸੀ।

ਸਾਰੇ ਕਾਨੂੰਨੀ ਹੱਕ ਫਿਰ ਵੀ ਲਾਗੂ ਹਨ ਭਾਵੇਂ ਚੀਜ਼ਾਂ ਸੇਲ ਵਿੱਚ ਹੀ ਖਰੀਦੀਆਂ ਹਨ। ਇਹ ਜ਼ਰੂਰੀ ਹੈ ਕਿ ਉਹ ਚੀਜ਼ਾਂ ਚੰਗੀਆਂ ਬਣੀਆਂ ਹੋਣ, ਜਿਹੜੇ ਕੰਮ ਲਈ ਹਨ ਉਸ ਲਈ ਸਹੀ ਹੋਣ ਅਤੇ ਉਸੇ ਤਰ੍ਹਾਂ ਦੀਆਂ ਹੋਣ ਜਿਵੇਂ ਬਾਹਰ ਵਾਲੇ ਪਾਸੇ ਜਾਂ ਲੇਬਲ ਤੇ ਦਰਸਾਇਆ ਗਿਆ ਹੈ। ਇਸ ਦਾ ਮਤਲਬ ਹੈ ਕਿ ਜੇ ਇੱਕ ਪਤੀਲੇ ਬਾਰੇ ਦਸਿਆ ਗਿਆ ਹੈ ਕਿ ਉਹ ਨੌਨ—ਸਟਿਕ ਹੈ ਤੇ ਜੇ ਤੁਸੀਂ ਉਸ ਵਿੱਚ ਅੰਡਾ ਤਲ ਰਹੇ ਹੋ ਤਾਂ ਠੀਕ ਉਹ ਉਸ ਵਿੱਚ ਥੱਲੇ ਨਹੀਂ ਲੱਗਣਾ ਚਾਹੀਦਾ ਜਾਂ 100% ਕੌਟਨ ਦਾ ਬਲਾਉਜ਼ ਤੁਸੀਂ ਖਰੀਦਦੇ ਹੋ ਤਾਂ ਉਹ ਬਿਲਕੁਲ ਉਸੇ ਤਰ੍ਹਾਂ ਦਾ ਹੋਣਾ ਚਾਹੀਦਾ ਹੈ।

Copyright © 2002-2007 Citizens Advice All rights reserved
Registered charity no: 279057 Company no: 1436945 England

## ਇੱਕ ਪ੍ਰੀ-ਪੇਡ (ਜਿਸ ਵਿਚ ਪਹਿਲਾਂ ਹੀ ਪੈਸੇ ਜਮ੍ਹਾ ਕਰਾਏ ਜਾਂਦੇ ਹਨ) ਕਾਰਡ ਮੇਰੀ ਕਿਸ ਤਰ੍ਹਾਂ ਮੱਦਦ ਕਰ ਸਕਦਾ ਹੈ ?

ਕਈ ਲੋਕਾਂ ਲਈ ਇਹ ਪ੍ਰੀ-ਪੇਡ ਕਾਰਡ ਬਹੁਤ ਹੀ ਲਾਭਦਾਇਕ ਹੋ ਸਕਦਾ ਹੈ। ਇਹ ਇੱਕ ਪੇਅਮੈਂਟ ਕਾਰਡ ਹੁੰਦਾ ਹੈ ਜਿਸ ਵਿਚ ਤੁਸੀਂ ਇਸ ਕਾਰਡ ਨੂੰ ਵਰਤਣ ਤੋਂ ਪਹਿਲਾਂ ਆਪਣੇ ਖ਼ੁੱਦ ਦੇ ਪੈਸੇ ਜਮ੍ਹਾ ਕਰਾਉਂਦੇ ਹੋ। ਆਮ ਤੌਰ ਤੇ ਤੁਸੀਂ ਇਸਨੂੰ ਕਿਸੇ ਕੈਸ਼ ਪੌਇੰਟ ਤੋਂ, ਬੈਂਕ ਵਿਚ ਜਾਂ ਇੰਟਰਨੈੱਟ ਦੇ ਜ਼ਰੀਏ ਟੌਪ ਅੱਪ ਕਰ ਸਕਦੇ ਹੋ। ਕਿਸੇ ਵੀ ਤਰ੍ਹਾਂ ਦੀ ਵਸੂਲੀ (ਕ੍ਰੈਡਿੱਟ) ਸ਼ਾਮਿਲ ਨਹੀਂ ਹੁੰਦੀ। ਕਾਰਡ ਹਾਸਲ ਕਰਨ ਤੋਂ ਪਹਿਲਾਂ ਤੁਹਾਡੇ ਕਿਸੇ ਵੀ ਤਰ੍ਹਾਂ ਦੇ ਕ੍ਰੈਡਿੱਟ ਚੈੱਕਸ ਨਹੀਂ ਕੀਤੇ ਜਾਂਦੇ, ਪਰ ਹਰ ਮਹੀਨੇ ਤੁਹਾਨੂੰ ਚਾਰਜ ਕੀਤਾ ਜਾਵੇਗਾ ਜਾਂ ਤੁਹਾਡੇ ਤੋਂ ਖ਼ਰਚਾ ਲਿਆ ਜਾਵੇਗਾ। ਹੋ ਸਕਦਾ ਹੈ ਕਿ ਹਰ ਇੱਕ ਵਾਰੀ ਜਦੋਂ ਤੁਸੀਂ ਕਾਰਡ ਨੂੰ ਵਰਤਦੇ ਹੋ ਤਾਂ ਤੁਹਾਨੂੰ ਚਾਰਜ ਕੀਤਾ ਜਾਵੇ। ਜੇ ਤੁਹਾਨੂੰ ਇੱਕ ਆਮ ਡੈਬਿੱਟ ਜਾਂ ਕ੍ਰੈਡਿੱਟ ਨਹੀਂ ਮਿਲ ਸਕਦਾ ਜਾਂ ਫਿਰ ਤੁਸੀਂ ਕਰਜ਼ੇ ਹੇਠਾਂ ਨਹੀਂ ਆਉਂਣਾ ਚਾਹੁੰਦੇ ਤਾਂ ਤੁਹਾਨੂੰ ਪ੍ਰੀ-ਪੇਡ ਕਾਰਡ ਮਿਲ ਸਕਦਾ ਹੈ। ਇਸ ਨਾਲ ਤੁਸੀਂ ਚੀਜ਼ਾਂ ਖ਼ਰੀਦ ਸਕਦੇ ਹੋ ਜਾਂ ਫਿਰ ਇਸ ਵਿਚੋਂ ਉਨੇ ਹੀ ਨਗਦ ਪੈਸੇ ਕੱਢਾ ਸਕਦੇ ਹੋ ਜਿੰਨੇ ਤੁਹਾਨੂੰ ਇਸ ਵਿਚ ਰੱਖਣ ਦੀ ਸੀਮਾ ਦਿੱਤੀ ਗਈ ਹੈ।

Copyright © 2002-2007 Citizens Advice All rights reserved
Registered charity no: 279057 Company no: 1436945 England

## ਮੈਨੂੰ ਇੱਕ ਨੁਕਸ ਵਾਲੀ ਕਾਰ ਵੇਚੀ ਗਈ ਹੈ ਪਰ ਉਹ ਡੀਲਰ (ਕਾਰ ਵੇਚਣ ਵਾਲਾ) ਇਸ ਬਾਰੇ ਕੋਈ ਵੀ ਗੱਲ ਕਰਨ ਲਈ ਤਿਆਰ ਨਹੀਂ ਹੈ - ਮੈਂ ਇਸ ਬਾਰੇ ਅਗਾਂਹ ਕੀ ਕਦਮ ਚੁੱਕ ਸਕਦਾ/ ਸਕਦੀ ਹਾਂ ?

ਜੇ ਉਹ ਵਪਾਰੀ ਤੁਹਾਡੇ ਨਾਲ ਗੱਲ ਨਹੀਂ ਕਰਦਾ ਤਾਂ ਫਿਰ ਤੁਸੀਂ ਅਗਲੀ ਕਾਰਵਾਈ ਕਰ ਸਕਦੇ ਹੋ ਕਿ ਤੁਸੀਂ ਉਸ ਵਿਪਾਰੀ ਨੂੰ ਇਹ ਸਭ ਕੁਝ ਲਿਖ ਕੇ ਭੇਜੋ ਜਿਸ ਵਿੱਚ ਤੁਸੀਂ ਆਪਣੀ ਮੁਸ਼ਕਲ ਬਾਰੇ ਵਿਸਥਾਰ ਨਾਲ ਦਸੋ ਤੇ ਇਹ ਵੀ ਮੰਗ ਕਰੋ ਕਿ ਤੁਸੀਂ ਇਸ ਤੋਂ ਬਾਅਦ ਉਸ ਤੋਂ ਕੀ ਚਾਹੁੰਦੇ ਹੋ (ਇਸ ਚਿੱਠੀ ਦੀ ਕਾਪੀ ਰੱਖ ਲੈਣਾ)। ਤੁਹਾਨੂੰ ਉਸ ਵਪਾਰੀ ਨੂੰ ਜਵਾਬ ਦੇਣ ਲਈ ਵਾਜਬ ਟਾਈਮ ਦੇਣਾ ਚਾਹੀਦਾ ਹੈ – ਤਕਰੀਬਨ 14 ਦਿਨ ਜਿਸ ਵਿੱਚ ਕਿ ਉਹ ਉਸ ਮੁਸ਼ਕਲ ਨੂੰ ਦੇਖ ਸਕਣ ਤੇ ਤੁਹਾਨੂੰ ਵਾਪਸੀ ਜਵਾਬ ਦੇ ਸਕਣ। ਇਸ ਚਿੱਠੀ ਨੂੰ ਰਿਕੌਂਡਿਡ ਡਲਿਵਰੀ ਦੇ ਤੌਰ ਤੇ ਭੇਜਣਾ ਜ਼ਰੂਰੀ ਹੈ ਤਾਂ ਕਿ ਤੁਹਾਨੂੰ ਤਸੱਲੀ ਹੋ ਜਾਵੇ ਕਿ ਉਹ ਚਿੱਠੀ ਵਪਾਰੀ ਤੱਕ ਪਹੁੰਚ ਗਈ ਹੈ।

ਜਦੋਂ ਅਖੀਰਲੀ ਤਰੀਕ ਲੰਘ ਗਈ, ਅਤੇ ਵਪਾਰੀ ਨੇ ਅਜੇ ਵੀ ਉਸ ਮੁਸ਼ਕਲ ਨੂੰ ਠੀਕ ਕਰਨ ਦਾ ਕੋਈ ਉਪਰਾਲਾ ਨਹੀਂ ਕੀਤਾ ਤਾਂ ਤੁਸੀਂ ਇਸ ਵਪਾਰੀ ਦੇ ਵਿਰੁਧ ਕਾਨੂੰਨੀ ਕਾਰਵਾਈ ਕਰਨ ਦਾ ਸੋਚ ਸਕਦੇ ਹੋ।

Copyright © 2002-2007 Citizens Advice All rights reserved
Registered charity no: 279057 Company no: 1436945 England

## ਮੈਂ ਇੱਕ ਅਖਬਾਰ ਦੇ ਪ੍ਰਾਈਵੇਟ ਇਸ਼ਤਿਹਾਰ ਵਿੱਚੋਂ ਚੀਜ਼ ਖਰੀਦੀ ਹੈ, ਪਰ ਉਸ ਵਿੱਚ ਨੁਕਸ ਹੈ,- ਇਸ ਬਾਰੇ ਮੇਰੇ ਕੀ ਹੱਕ ਹਨ ?

ਜਦੋਂ ਤੁਸੀਂ ਕੋਈ ਚੀਜ਼ ਪ੍ਰਾਈਵੇਟ ਤੌਰ ਤੇ ਖਰੀਦਦੇ ਹੋ ਤਾਂ ਇਸ ਬਾਰੇ ਤੁਹਾਨੂੰ ਬਹੁਤ ਘੱਟ ਹੱਕ ਹਨ। ਵਸਤੂਆਂ ਉਸੇ ਤਰ੍ਹਾਂ ਹੀ ਵੇਚੀਆਂ ਜਾਂਦੀਆਂ ਹਨ ਜਿਵੇਂ ਤੁਸੀਂ ਦੇਖਦੇ ਹੋ,ਜਿਸ ਦਾ ਮਤਲਬ ਹੈ ਕਿ ਤੁਹਾਨੂੰ ਉਹ ਵਸਤੂਆਂ ਖਰੀਦਣ ਤੋਂ ਪਹਿਲਾਂ ਬਹੁਤ ਹੀ ਚੰਗੀ ਤਰ੍ਹਾਂ ਦੇਖਣੀਆਂ ਚਾਹੀਦੀਆਂ ਹਨ। ਇਹ ਚੰਗੀ ਗੱਲ ਹੈ ਕਿ ਤੁਸੀਂ ਕਿਸੇ ਨੂੰ ਨਾਲ ਗਵਾਹੀ ਲਈ ਲੈ ਕੇ ਜਾਵੋ ਅਤੇ ਜੋ ਵੀ ਚੀਜ਼ ਤੁਸੀਂ ਲੈਣੀ ਹੈ ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਵੇਚਣ ਵਾਲੇ ਨੂੰ ਕਹੋ ਕਿ ਉਹ ਤੁਹਾਨੂੰ ਵਰਤ ਕੇ ਦਿਖਾਵੇ ਤਾਂ ਜੋ ਉਸ ਵਿਚ ਕੋਈ ਆਉਣ ਵਾਲਾ ਨੁਕਸ ਤੁਹਾਨੂੰ ਦਿਸ ਜਾਵੇ।

ਸਿਰਫ ਇਹੋ ਤੁਹਾਡੇ ਬਚਾਓ ਲਈ ਇੱਕ ਗੱਲ ਹੈ ਜਦੋਂ ਤੁਸੀਂ ਕੁਝ ਪ੍ਰਾਈਵੇਟ ਤੌਰ ਤੇ ਖਰੀਦਦੇ ਹੋ ਕਿ ਉਹ ਚੀਜ਼ ਜਦੋਂ ਵੇਚੀ ਗਈ ਹੈ ਤਾਂ ਬਿਲਕੁਲ ਉਹੋ ਜੇਹੀ ਹੀ ਹੋਣੀ ਚਾਹੀਦੀ ਹੈ ਜਿਵਂ ਕਿ ਇਸ਼ਤਿਹਾਰ ਵਿੱਚ ਬਿਆਨ ਕੀਤੀ ਗਈ ਹੈ। ਮਸਲਨ, ਜੇ ਕੋਈ ਚਮੜੇ ਦਾ ਕੋਟ ਖਰੀਦਣ ਲਈ ਗਿਆ ਹੈ ਤੇ ਉਹ ਕੋਟ ਚਮੜੇ ਵਰਗਾ ਪੀਵੀਸੀ ਨਿਕਲਿਆ ਹੈ ਤਾਂ ਉਹ ਵਸਤੂ ਜਿਵੇਂ ਬਿਆਨ ਕੀਤੀ ਗਈ ਸੀ, ਉਸ ਵਰਗੀ ਨਹੀਂ ਹੈ, ਕਿਉਂਕਿ ਉਹ ਚਮੜਾ ਨਹੀਂ ਹੈ।

Copyright © 2002-2007 Citizens Advice All rights reserved
Registered charity no: 279057 Company no: 1436945 England

## ਮੈਨੂੰ ਇੱਕ ਨਿਜੀ ਚਿੱਠੀ ਮਿਲੀ ਹੈ ਜਿਸ ਵਿਚ ਦੱਸਿਆ ਗਿਆ ਹੈ ਕਿ ਮੈਂ ਲੌਟਰੀ ਵਿਚੋਂ ਕੋਈ ਇਨਾਮ ਜਿੱਤਿਆ ਹੈ। ਮੈਂ ਕਿਸ ਤਰ੍ਹਾਂ ਪਤਾ ਕਰ ਸਕਦਾ ਹਾਂ ਕਿ ਇਹ ਸੱਚ ਹੈ ਜਾਂ ਨਹੀਂ?

ਜੇ ਤੁਹਾਨੂੰ ਪਤਾ ਚੱਲਿਆ ਹੈ ਕਿ ਅਚਾਨਕ ਹੀ ਤੁਸੀਂ ਕਿਸੇ ਪਰਾਈਜ਼ ਡਰੌਅ, ਲੌਟਰੀ ਜਾਂ ਕਿਸੇ ਦੂਸਰੇ ਕਿਸਮ ਦਾ ਇਨਾਮ ਜਿੱਤਿਆ ਹੈ ਤਾਂ ਤੁਹਾਨੂੰ ਇਸ ਬਾਰੇ ਸ਼ੱਕ ਹੋਣਾ ਚਾਹੀਦਾ ਹੈ। ਜਦ ਕਿ ਕਈ ਇਹੋ ਜਿਹੇ ਪ੍ਰਸਤਾਵ ਸੱਚ ਵੀ ਹੋ ਸਕਦੇ ਹਨ ਪਰ ਕਈ ਠੱਗੀ ਦੇ ਬਹਾਨੇ ਤੁਹਾਡੇ ਤੋਂ ਪੈਸੇ ਲੈ ਕੇ ਫ਼ਸਾਉਂਣ ਦੀ ਕੋਸ਼ਿਸ਼ ਕਰਨ ਲਈ ਕੀਤੇ ਜਾਂਦੇ ਹਨ। ਬਹੁਤ ਸਾਰੀਆਂ ਆਮ ਧੋਖੇਬਾਜ਼ੀਆਂ ਪ੍ਰਾਈਜ਼ ਡਰੌਅਜ਼ ਜਾਂ ਲੌਟਰੀਜ਼ ਦੀ ਸੂਰਤ ਵਿਚ ਤਿਆਰ ਕੀਤੀਆਂ ਜਾਂਦੀਆਂ ਹਨ ਜੋ ਅਚਣਚੇਤ ਲੋਕਾਂ ਨੂੰ ਫ਼ਸਾਉਣ ਲਈ ਹੁੰਦੀਆਂ ਹਨ। ਇਹੋ ਜਿਹੀਆਂ ਧੋਖੇਬਾਜ਼ੀਆਂ ਆਮ ਤੌਰ ਤੇ ਯੂ ਕੇ ਤੋਂ ਬਾਹਰ ਰਹਿ ਕੇ ਤਿਆਰ ਕੀਤੀਆਂ ਜਾਂਦੀਆਂ ਹਨ, ਹਾਲਾਂ ਕਿ ਸ਼ਾਇਦ ਯੂ ਕੇ ਦੇ ਪੋਸਟ ਔਫ਼ਿਸ ਬੌਕਸਿਜ਼ ਹੀ ਵਰਤੇ ਜਾਂਦੇ ਹਨ।

ਇੰਗਲੈਂਡ ਅਤੇ ਵੇਲਜ਼ ਵਿਚ ਤੁਸੀਂ ਇਹੋ ਜਿਹੀਆਂ ਆਮ ਧੋਖੇਬਾਜ਼ੀਆਂ ਬਾਰੇ ਡਿਪਾਰਟਮੈਂਟ ਔਫ਼ ਟ੍ਰੇਡ ਦੇ ਵੈਬਸਾਈਟ ਦੇ ਇਸ ਪਤੇ ਤੋਂ ਲੱਭ ਸਕਦੇ ਹੋ: www.consumerdirect.gov.uk/general/scams/index.shtml.

ਨੌਰਧਰਨ ਆਇਅਰਲੈਂਡ ਵਿਚ ਇਸ ਵੈਬਸਾਈਟ ਤੇ ਦੇਖੋ www.consumerline.org.
[http://www.consumerline.org/search/?catname=Goods+%26+Services&item=Scams]

Copyright © 2002-2007 Citizens Advice All rights reserved
Registered charity no: 279057 Company no: 1436945 England